# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
## ਐਸ.ਸੀ.ਓ ਨੰ: 104-106,ਸੈਕਟਰ-34 ਏ, ਚੰਡੀਗੜ

ਸੇਵਾ ਵਿਖੇ

1. ਸਮੂਹ ਜਿਲ੍ਹਾਂ ਸਿੱਖਿਆ ਅਫਸਰ (ਸੈ.ਸਿ )
2. ਸਮੂਹ ਜਿਲ੍ਹਾਂ ਸਿੱਖਿਆ ਅਫਸਰ (ਐ.ਸਿ )

ਮੀਮੋ ਨੰ : 2010/ਸਸਅ/ਕੋਆਰਡੀਨੇਸ਼ਨ/52324
ਮਿਤੀ ,ਚੰਡੀਗੜ 12-8-2010

ਵਿਸ਼ਾ :-ਸਰਕਾਰੀ ਕਰਮਚਾਰੀਆਂ ਨੂੰ ਉਚੇਰੀ ਵਿੱਦਿਆ ਪ੍ਰਾਪਤ ਕਰਨ ਲਈ ਪ੍ਰਵਾਨਗੀ ਲੈਣ ਸਬੰਧੀ ।

1.0 ਸਾਇੰਸ ਟੀਚਰਸ ਐਸੋਸੀਏਸਨ (ਰਜਿਸਟਰਡ ) ਪੰਜਾਬ ਵੱਲੋਂ ਮਿਤੀ 16-7-2010 ਨੂੰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਦੱਸਿਆ ਗਿਆ ਹੈ ਕਿ ਅਧਿਆਪਕਾਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਸਤੇ ਪ੍ਰਵਾਨਗੀ ਲੈਣ ਲਈ ਬਹੁਤ ਔਕੜਾ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹਨਾਂ ਨੇ ਮੰਗ ਕੀਤੀ ਕਿ ਸਰਕਾਰ ਵੱਲੋਂ ਕਰਮਚਾਰੀਆਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਦੇਣ ਵਾਲੀ ਆਗਿਆ ਦੇ ਅਧਿਕਾਰ ਦਫਤਰ ਮੁੱਖੀ (ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ) ਦੀ ਪੱਧਰ ਤੇ ਦਿੱਤੇ ਜਾਣ ।

2.0 ਇਸ ਸਬੰਧ ਵਿਚ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਵੱਲੋਂ ਪੱਤਰ ਨੰ 13987-5.ਜੀ ਐਸ -61/43369 ਮਿਤੀ 04-12-1961 ਅਤੇ ਪੱਤਰ ਨੰ 1149-ਐਸ-॥(3)-70 ਮਿਤੀ 18-02-1970(ਕਾਪੀ ਨੱਥੀ ) ਵੱਲ ਦਿਵਾਇਆ ਜਾਂਦਾ ਹੈ , ਜਿਹਨਾਂ ਰਾਹੀ਼ ਇਹ ਸਪੱਸ਼ਟ ਕੀਤਾ ਹੋਇਆ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਆਗਿਆ ਆਮ ਤੌਰ ਤੇ ਸਾਰੇ ਕਰਮਚਾਰੀਆਂ ਨੂੰ ਦੇਣੀ ਚਾਹੀਦੀ ਹੈ ਕਿਉਂਕਿ ਉਚੇਰੀ ਸਿੱਖਿਆ ਹਾਸਲ ਕਰਨਾ ਹਮੇਸ਼ਾ ਦ੍ਰਿਸ਼ਟੀਕੋਣ ਅਤੇ ਕਾਰਜ਼ਕੁਸ਼ਲਤਾ ਲਈ ਲਾਭਦਾਇਕ ਹੈ ।

3.0 ਸਰਕਾਰ ਦੀਆਂ ਉਪਰੋਕਤ ਦੱਸੀਆਂ ਹਦਾਇਤਾਂ ਵਿੱਚ ਅਜਿਹੀ ਆਗਿਆ ਦੇਣ ਵਾਸਤੇ ਕੋਈ ਸਪਸਫਿਕ ਸਮੱਰਥ ਅਧਿਕਾਰੀ ਨਹੀਂ ਨਿਸਚਿਤ ਕੀਤਾ ਹੋਇਆ , ਇਸ ਲਈ ਅਜਿਹੀ ਆਗਿਆ ਦਫ਼ਤਰ ਦੇ ਮੁੱਖੀ ਜੋ਼ ਕਿ ਆਪਣੀ ਸੰਸਥਾ / ਦਫ਼ਤਰ ਦੇ ਪ੍ਰਸਾਸਨ ਪ੍ਰਬੰਧ ਦਾ ਜ਼ਿਮੇਵਾਰ ਹੈ ,ਦੀ ਪੱਧਰ ਤੇ ਦਿੱਤੀ ਜਾ ਸਕਦੀ ਹੈ ।

4.0 ਇਹ ਸਪੱਸ਼ਟੀਕਰਨ ਹਰ ਸਬੰਧਤ ਅਧਿਕਾਰੀ/ਕਰਮਚਾਰੀ ਦੇ ਧਿਆਨ ਵਿਚ ਲਿਆ ਦਿੱਤਾ ਜਾਵੇ ਤਾਂ ਕਿ ਸਰਕਾਰੀ ਕਰਮਚਾਰੀਆਂ ਨੂੰ ਉਚੇਰੀ ਵਿਦਿਆ ਹਾਸਲ ਕਰਨ ਲਈ ਸਬੰਧਤ ਅਧਿਕਾਰੀ ਦੀ ਪ੍ਰਵਾਨਗੀ ਲੈਣ ਵਿੱਚ ਕੋਈ ਔਕੜ ਪੇਸ ਨਾ ਆਵੇ ।

5.0 ਇਹ ਪ੍ਰਮੁੱਖ ਸਕੱਤਰ ਸਿੱਖਿਆ ਜੀ ਦੇ ਅੰ:ਵਿ:ਪੱ ਨੰ : 3031 ਮਿਤੀ 06-08-2010 ਰਾਹੀਂ ਦਿਤੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਚੰਡੀਗੜ

ਪਿੱਠ ਅੰਕਣ ਨੰ : 2010/ਸਸਅ/ਕੋਆਰਡੀਨੇਟਰ/52325 ਮਿਤੀ 12-08-2010

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਸਿੱਖਿਆ ਵਿਭਾਗ ,(ਸੈ.ਸਿ )
2 ਡਾਇਰੈਕਟਰ ਸਿੱਖਿਆ ਵਿਭਾਗ ,(ਐ.ਸਿ )
3 ਮੰਡਲ ਸਿੱਖਿਆ ਵਿਭਾਗ ,ਨਾਭਾ,ਜਲੰਧਰ, ਫਰੀਦਕੋਟ

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ ਚੰਡੀਗੜ

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈਸਿ) ਲੁਧਿਆਣਾ

ਪੱਤਰ ਨੰ:ਜੀ-3/2010/2847
ਮਿਤੀ : 17-8-2010

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲਜ਼/ਮੁੱਖ ਅਧਿਆਪਕਾਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

ਜ਼ਿਲਾ ਸਿੱਖਿਆ ਅਫਸਰ (ਸੈਸਿ)
ਲੁਧਿਆਣਾ